**2022 Ontario Voting Guide – Punjabi - Gurmukhi**

# ਓਨਟੈਰੀਓ ਦੀਆਂ ਸੂਬਾਈ ਚੋਣਾਂ ਵਿੱਚ ਵੋਟ ਪਾਉਣ ਲਈ ਤਿਆਰ ਹੋਵੋ!

2 ਜੂਨ ਨੂੰ ਜਾਂ ਉਸ ਤੋਂ ਪਹਿਲਾਂ ਆਪਣਾ X ਲਗਾਓ।

## ਯੋਗਤਾ

ਓਨਟੈਰੀਓ ਚੋਣ ਵਿੱਚ ਵੋਟ ਪਾਉਣ ਲਈ, ਤੁਹਾਡੇ ਲਈ ਇਹ ਹੋਣਾ ਲਾਜ਼ਮੀ ਹੈ:

- ਚੋਣ ਵਾਲੇ ਦਿਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ;
- ਇੱਕ ਕੈਨੇਡੀਅਨ ਨਾਗਰਿਕ; ਅਤੇ
- ਓਨਟੈਰੀਓ ਦਾ ਨਿਵਾਸੀ।

## ਰਜਿਸਟਰੇਸ਼ਨ

23 ਮਈ ਤੱਕ eregistration.elections.on.ca 'ਤੇ ਵੋਟਰਾਂ ਦੀ ਸੂਚੀ ਵਿੱਚ ਆਪਣੀ ਜਾਣਕਾਰੀ ਦੀ ਪੁਸ਼ਟੀ ਕਰੋ, ਉਸ ਨੂੰ ਅੱਪਡੇਟ ਕਰੋ ਜਾਂ ਸ਼ਾਮਲ ਕਰੋ।

ਜੇ ਤੁਸੀਂ ਰਜਿਸਟਰਡ ਨਹੀਂ ਹੋ ਤਾਂ ਵੀ ਤੁਸੀਂ ਵੋਟ ਕਰ ਸਕਦੇ ਹੋ। ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਵਿਅਕਤੀਗਤ ਤੌਰ 'ਤੇ ਆਪਣੀ ਜਾਣਕਾਰੀ ਸ਼ਾਮਲ ਕਰੋ।

## ਵੋਟਰ ਜਾਣਕਾਰੀ ਕਾਰਡ

ਜੇਕਰ ਤੁਸੀਂ ਵੋਟਰਾਂ ਦੀ ਸੂਚੀ ਵਿੱਚ ਹੋ, ਤਾਂ ਤੁਹਾਨੂੰ ਵੋਟ ਕਦੋਂ ਅਤੇ ਕਿੱਥੇ ਪਾਉਣੀ ਹੈ ਬਾਰੇ ਜਾਣਕਾਰੀ ਵਾਲਾ ਇੱਕ ਵੋਟਰ ਜਾਣਕਾਰੀ ਕਾਰਡ ਡਾਕ ਰਾਹੀਂ ਭੇਜਿਆ ਜਾਵੇਗਾ। 13 ਮਈ ਤੋਂ ਵੋਟਰ ਜਾਣਕਾਰੀ ਕਾਰਡ ਜਾਰੀ ਕੀਤੇ ਜਾਣਗੇ।


Voter Information Card
Carte d'information de l'électeur

Vote on Election Day — June 2, 2022, 9 AM to 9 PM (ET)
Vote on Election Day (FR) — 2 juin 2022, de 9 h à 21 h (HE)

Your voting location | Votre lieu de vote
*1234 NORTH WALSINGHAM - SOUTH
WALSINGHAM TOWNLINE RD
TORONTO ON M4P 0C6

Your electoral district | Votre circonscription électorale
LEEDS—GRENVILLE—THOUSAND ISLANDS
AND RIDEAU LAKES | LEEDS—GRENVILLE—
THOUSAND ISLANDS ET RIDEAU LAKES

Your registered address | Votre adresse inscrite
1234 NORTH WALSINGHAM - SOUTH
WALSINGHAM TOWNLINE RD
TORONTO ON M4P 0C5

Poll | Bureau de vote
#####

*Contact us about the accessibility of this location.
*Veuillez nous contacter pour toute question concernant l'accessibilité de ce lieu de vote.

Return address:
1234 NORTH
WALSINGHAM -
SOUTH WALSINGHAM
TOWNLINE RD
CITY ON E0E 0E0

859-3956-20011-559312

JONATHAN SAMPLE
1234 NORTH WALSINGHAM
- SOUTH WALSINGHAM
TOWNLINE RD
TORONTO ON M4P 0C5

ਜੇਕਰ ਤੁਹਾਨੂੰ ਵੋਟਰ ਜਾਣਕਾਰੀ ਕਾਰਡ ਨਹੀਂ ਮਿਲਦਾ ਤਾਂ ਵੀ ਤੁਸੀਂ ਵੋਟ ਕਰ ਸਕਦੇ ਹੋ। ਤੁਹਾਡਾ ਨਾਮ ਅਤੇ ਮੌਜੂਦਾ ਰਿਹਾਇਸ਼ੀ ਪਤਾ ਦੋਵਾਂ ਨੂੰ ਦਿਖਾਉਣ ਵਾਲੀ ID ਦਾ ਇੱਕ ਪੀਸ ਨਾਲ ਲਿਆਓ।

ਤੁਹਾਡੇ ਚੋਣ ਜ਼ਿਲ੍ਹੇ ਵਿੱਚ ਮਿਤੀਆਂ ਅਤੇ ਵੋਟਿੰਗ ਸਥਾਨਾਂ ਦੀ ਪੂਰੀ ਸੂਚੀ ਲਈ, elections.on.ca 'ਤੇ ਜਾਓ ਜਾਂ ਇਲੈਕਸ਼ਨਜ਼ ਓਨਟੈਰੀਓ ਐਪ ਨੂੰ ਡਾਊਨਲੋਡ ਕਰੋ।

## ਵੋਟ ਕਰਨ ਲਈ ID

ਕੀ ਤੁਹਾਡੇ ਕੋਲ ਵੋਟਰ ਜਾਣਕਾਰੀ ਕਾਰਡ ਹੈ?

ਹਾਂ—ਤੁਹਾਡਾ ਨਾਮ ਦਿਖਾਉਣ ਵਾਲੀ ID ਦਾ ਇੱਕ ਪੀਸ ਨਾਲ ਲਿਆਓ
ਨਹੀਂ—ਤੁਹਾਡਾ ਨਾਮ ਅਤੇ ਰਿਹਾਇਸ਼ੀ ਪਤਾ ਦਿਖਾਉਣ ਵਾਲੀ ID ਦਾ ਇੱਕ ਪੀਸ ਨਾਲ ਲਿਆਓ

ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਤੁਸੀਂ ਆਪਣੀ ID ਦੀ ਇਲੈਕਟ੍ਰਾਨਿਕ ਕਾਪੀ ਦੀ ਵਰਤੋਂ ਕਰ ਸਕਦੇ ਹੋ, ਜੋ ਕਿ ਪ੍ਰਿੰਟ ਕੀਤੀ ਹੋਈ ਜਾਂ ਮੋਬਾਈਲ ਡਿਵਾਈਸ 'ਤੇ ਪ੍ਰਦਰਸ਼ਿਤ ਕੀਤੀ ਜਾ ਸਕਦੀ ਹੈ।

ਫੋਟੋ ID ਦੀ ਲੋੜ ਨਹੀਂ ਹੈ। ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਤੁਹਾਨੂੰ ਆਪਣੇ ਲਿੰਗ ਜਾਂ ਲਿੰਗ ਅਭਿਵਿਅਕਤੀ ਬਾਰੇ ਕੋਈ ਜਾਣਕਾਰੀ ਦੇਣ ਦੀ ਲੋੜ ਨਹੀਂ ਹੁੰਦੀ ਹੈ।

ਸਵੀਕ੍ਰਿਤ ID ਦੇ ਉਦਾਹਰਣਾਂ ਵਿੱਚ ਸ਼ਾਮਲ ਹਨ:

- ਓਨਟੈਰੀਓ ਡਰਾਈਵਰ ਦਾ ਲਾਇਸੈਂਸ
- ਓਨਟੈਰੀਓ ਫੋਟੋ ਕਾਰਡ

- ਕ੍ਰੈਡਿਟ ਕਾਰਡ ਸਟੇਟਮੈਂਟ
- ਯੂਟਿਲਿਟੀ ਬਿਲ
- ਰਿਹਾਇਸ਼ੀ ਲੀਜ਼
- ਸਟੂਡੈਂਟ ਟ੍ਰਾਂਸਕ੍ਰਿਪਟ

ਵਿਅਕਤੀਗਤ ਤੌਰ 'ਤੇ ਵੋਟਿੰਗ ਕਰਨ ਲਈ elections.on.ca/id-requirements 'ਤੇ ਸਵੀਕਾਰ ਕੀਤੀ ID ਦੀ ਸੂਚੀ ਲੱਭੋ।

## ਆਓ ਸਾਡੇ ਲਈ ਕੰਮ ਕਰੋ

ਇਹਨਾਂ ਚੋਣਾਂ ਵਿੱਚ ਕੰਮ ਕਰਨ ਲਈ ਅਰਜ਼ੀ ਦਿਓ!

ਜੇਕਰ ਤੁਹਾਡੀ ਉਮਰ 16 ਸਾਲ ਜਾਂ ਇਸ ਤੋਂ ਵੱਧ ਹੈ, ਤਾਂ ਤੁਸੀਂ ਅਡਵਾਂਸ ਵੋਟਿੰਗ ਦੌਰਾਨ ਜਾਂ ਚੋਣ ਵਾਲੇ ਦਿਨ ਚੋਣ ਅਧਿਕਾਰੀ ਵਜੋਂ ਕੰਮ ਕਰਨ ਲਈ ਅਰਜ਼ੀ ਦੇ ਸਕਦੇ ਹੋ। ਚੋਣਾਂ ਵਿੱਚ ਕੰਮ ਕਰਕੇ, ਤੁਸੀਂ ਵੋਟਿੰਗ ਨੂੰ ਹਰ ਕਿਸੇ ਲਈ ਆਸਾਨ ਬਣਾਉਣ ਵਿੱਚ ਮਦਦ ਕਰ ਰਹੇ ਹੋ।

ਸਾਰੇ ਅਹੁਦੇ ਭੁਗਤਾਨਸ਼ੁਦਾ ਹਨ, ਅਤੇ ਸਟਾਫ ਨੂੰ ਸੁਰੱਖਿਅਤ ਰੱਖਣ ਲਈ ਵਾਧੂ ਸਿਹਤ ਉਪਾਅ ਸਥਾਪਿਤ ਹਨ।

ਹੋਰ ਜਾਣਕਾਰੀ ਲਈ, jobs.elections.on.ca 'ਤੇ ਜਾਓ।

## ਇਲੈਕਸ਼ਨਜ਼ ਓਨਟੈਰੀਓ ਐਪ

ਸਾਡੀ ਨਵੀਂ ਮੋਬਾਈਲ ਐਪ ਨਾਲ ਵਿਅਕਤੀਗਤ ਚੋਣ ਜਾਣਕਾਰੀ ਪ੍ਰਾਪਤ ਕਰੋ!

ਇਲੈਕਸ਼ਨਜ਼ ਓਨਟਾਰੀਓ ਐਪ ਨੂੰ ਡਾਊਨਲੋਡ ਕਰੋ ਅਤੇ ਇੰਨ੍ਹਾਂ ਨੂੰ ਐਕਸੈਸ ਕਰਨ ਲਈ ਅਕਾਊਂਟ ਬਣਾਓ:

- ਤੁਹਾਡੇ ਵੋਟਰ ਜਾਣਕਾਰੀ ਕਾਰਡ ਦਾ ਸਕੈਨ ਕਰਨ ਯੋਗ ਪ੍ਰਤੀਰੂਪ
- ਤੁਹਾਡੇ ਵੋਟਿੰਗ ਸਥਾਨਾਂ ਅਤੇ ਮਿਤੀਆਂ ਦੀ ਪੂਰੀ ਸੂਚੀ
- ਰੁਚੀ ਅਨੁਸਾਰ ਬਣਾਈਆਂ ਜਾ ਸਕਣ ਵਾਲੀਆਂ ਚੋਣ ਸੂਚਨਾਵਾਂ

- ਤੁਹਾਡੇ ਚੋਣ ਜ਼ਿਲ੍ਹੇ ਲਈ ਉਮੀਦਵਾਰਾਂ ਦੀ ਸੂਚੀ

## ਜਲਦੀ ਵੋਟ ਕਰੋ

- ਡਾਕ ਰਾਹੀਂ
  - ਡਾਕ ਰਾਹੀਂ ਵੋਟ ਪਾਉਣ ਲਈ votebymail.elections.on.ca 'ਤੇ ਅਪਲਾਈ ਕਰੋ ਜਾਂ elections.on.ca 'ਤੇ ਅਰਜ਼ੀ ਫਾਰਮ ਡਾਊਨਲੋਡ ਅਤੇ ਪ੍ਰਿੰਟ ਕਰੋ।
  - ਇਲੈਕਸ਼ਨਜ਼ ਓਨਟੈਰੀਓ ਨੂੰ ਤੁਹਾਡੀ ਅਰਜ਼ੀ 27 ਮਈ ਨੂੰ ਸ਼ਾਮ 6 ਵਜੇ (ਪੂਰਬੀ ਸਮੇਂ) ਤੱਕ ਪ੍ਰਾਪਤ ਹੋਣਾ ਜ਼ਰੂਰੀ ਹੈ
  - ਗਿਣੇ ਜਾਣ ਲਈ ਇਲੈਕਸ਼ਨਜ਼ ਓਨਟੈਰੀਓ ਨੂੰ 2 ਜੂਨ ਨੂੰ ਸ਼ਾਮ 6 ਵਜੇ (ਪੂਰਬੀ ਸਮੇਂ) ਤੱਕ ਤੁਹਾਡੀ ਪੂਰੀ ਕੀਤੀ ਹੋਈ ਵੋਟਿੰਗ ਕਿੱਟ ਪ੍ਰਾਪਤ ਹੋਣਾ ਜ਼ਰੂਰੀ ਹੈ
  - ਡਾਕ ਰਾਹੀਂ ਵੋਟ ਪਾਉਣ ਲਈ ਤੁਹਾਨੂੰ ਲੋੜੀਂਦੀ ID ਵੱਖਰੀ ਹੈ। elections.on.ca/id-requirements 'ਤੇ ਹੋਰ ਜਾਣੋ
- ਤੁਹਾਡੇ ਰਿਟਰਨਿੰਗ ਦਫਤਰ ਵਿਖੇ
  - ਤੁਹਾਡਾ ਰਿਟਰਨਿੰਗ ਦਫ਼ਤਰ ਤੁਹਾਡੇ ਚੋਣ ਜ਼ਿਲ੍ਹਾ ਲਈ ਸਥਾਨਕ ਚੋਣ ਦਫ਼ਤਰ ਹੈ
  - 5 ਮਈ ਤੋਂ 1 ਜੂਨ ਨੂੰ ਸ਼ਾਮ 6 ਵਜੇ (ਪੂਰਬੀ ਸਮਾਂ) ਤੱਕ ਆਪਣੇ ਰਿਟਰਨਿੰਗ ਦਫ਼ਤਰ ਵਿੱਚ ਵਿਅਕਤੀਗਤ ਤੌਰ 'ਤੇ ਵੋਟ ਪਾਓ
  - ਆਪਣੇ ਵੋਟਰ ਜਾਣਕਾਰੀ ਕਾਰਡ 'ਤੇ ਜਾਂ voterinformationservice.elections.on.ca 'ਤੇ ਆਪਣਾ ਨਿਰਧਾਰਤ ਰਿਟਰਨਿੰਗ ਦਫ਼ਤਰ ਲੱਭੋ
- ਅਡਵਾਂਸ ਵੋਟਿੰਗ ਦੇ ਦੌਰਾਨ
  - 19 ਅਤੇ 28 ਮਈ ਦੇ ਵਿਚਕਾਰ ਸਵੇਰੇ 10 ਵਜੇ ਤੋਂ ਸ਼ਾਮ 8 ਵਜੇ (ਪੂਰਬੀ ਸਮਾਂ) ਤੱਕ ਕਿਸੇ ਵੀ ਅਡਵਾਂਸ ਵੋਟਿੰਗ ਸਥਾਨ 'ਤੇ ਵੋਟ ਪਾਓ।
  - voterinformationservice.elections.on.ca 'ਤੇ ਵੋਟਿੰਗ ਸਥਾਨਾਂ ਅਤੇ ਮਿਤੀਆਂ ਦੀ ਪੂਰੀ ਸੂਚੀ ਦੇਖੋ

## ਚੋਣਾਂ ਵਾਲੇ ਦਿਨ ਵੋਟਿੰਗ

- 2 ਜੂਨ ਨੂੰ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ (ਪੂਰਬੀ ਸਮਾਂ) ਤੱਕ ਆਪਣੇ ਨਿਰਧਾਰਤ ਵੋਟਿੰਗ ਸਥਾਨ ਵਿਖੇ ਵੋਟ ਪਾਓ।
- ਆਪਣੇ ਵੋਟਰ ਜਾਣਕਾਰੀ ਕਾਰਡ, ਇਲੈਕਸ਼ਨਜ਼ ਓਨਟੈਰੀਓ ਐਪ, ਜਾਂ voterinformationservice.elections.on.ca 'ਤੇ ਆਪਣਾ ਨਿਰਧਾਰਤ ਵੋਟਿੰਗ ਸਥਾਨ ਲੱਭੋ।

## ਪਹੁੰਚਯੋਗਤਾ

ਤੁਹਾਡੇ ਲਈ ਉਪਲਬਧ ਕੁਝ ਪਹੁੰਚਯੋਗ ਸਾਧਨ ਅਤੇ ਸੇਵਾਵਾਂ ਇੱਥੇ ਦਿੱਤੀਆਂ ਗਈਆਂ ਹਨ।

ਤੁਹਾਡੇ ਰਿਟਰਨਿੰਗ ਦਫਤਰ ਵਿਖੇ:

- 21 ਮਈ ਤੋਂ 1 ਜੂਨ ਤੱਕ ਜਾਂ ਚੋਣਾਂ ਵਾਲੇ ਦਿਨ ਅਪੌਇੰਟਮੈਂਟ ਦੁਆਰਾ ਸਹਾਇਕ ਵੋਟਿੰਗ ਟੈਕਨਾਲੋਜੀ ਦੀ ਵਰਤੋਂ ਕਰੋ
- ਹੋਮ ਵਿਜ਼ਿਟ ਦੀ ਬੇਨਤੀ ਕਰਨ ਲਈ ਜਾਂ ਤੁਹਾਡੇ ਵੋਟਿੰਗ ਸਥਾਨ 'ਤੇ ਪਹੁੰਚਯੋਗ ਕਰਬਸਾਈਡ ਵੋਟਿੰਗ ਲਈ ਆਪਣੇ ਰਿਟਰਨਿੰਗ ਦਫਤਰ ਨੂੰ ਕਾਲ ਕਰੋ
- ਚੋਣਾਂ ਦੇ ਦਿਨ ਤੋਂ ਪਹਿਲਾਂ ਕਿਸੇ ਅਜਿਹੇ ਵੋਟਿੰਗ ਸਥਾਨ 'ਤੇ ਟ੍ਰਾਂਸਫਰ ਦੀ ਬੇਨਤੀ ਕਰੋ ਜੋ ਤੁਹਾਡੀਆਂ ਪਹੁੰਚਯੋਗਤਾ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਦਾ ਹੈ

ਤੁਹਾਡੇ ਰਿਟਰਨਿੰਗ ਸਥਾਨ ਵਿਖੇ:

- ਇੱਕ ਅਮਰੀਕੀ ਸਾਈਨ ਲੈਂਗੁਏਜ ਦੁਭਾਸ਼ੀਆ ਜਾਂ ਇੰਟਰਵੀਨਰ (intervenor) ਬੁੱਕ ਕਰੋ ਅਤੇ ਅਸੀਂ ਲਾਗਤ ਨੂੰ ਕਵਰ ਕਰਾਂਗੇ
- ਆਪਣੀ ਮੋਬਾਈਲ ਡਿਵਾਇਸ ਨੂੰ ਐਕਸੈਸਬਿਲਟੀ ਟੂਲ ਵਜੋਂ ਵਰਤੋ
- ਇੱਕ ਮੈਗਨੀਫਾਇਰ (magnifier) ਜਾਂ ਬਰੇਲ ਬੈਲਟ ਟੈਮਪਲੇਟ ਦੀ ਬੇਨਤੀ ਕਰੋ
- ਸਹਾਇਤਾ ਲਈ ਕਿਸੇ ਦੋਸਤ, ਸਹਾਇਕ ਵਿਅਕਤੀ ਜਾਂ ਸਰਵਿਸ ਜਾਨਵਰ ਨੂੰ ਨਾਲ ਲਿਆਓ
- elections.on.ca 'ਤੇ 30 ਤੋਂ ਵੱਧ ਭਾਸ਼ਾਵਾਂ ਵਿੱਚ ਵੋਟਿੰਗ ਨਿਰਦੇਸ਼ ਅਤੇ ਜਾਣਕਾਰੀ ਪ੍ਰਾਪਤ ਕਰੋ

ਸਾਰੇ ਵੋਟਿੰਗ ਸਥਾਨਾਂ ਲਈ, ਜਿੱਥੇ ਸੰਭਵ ਹੋਵੇ ਇਲੈਕਸ਼ਨਜ਼ ਓਨਟੈਰੀਓ ਦੇ ਸਾਈਟ ਅਕਸੈਸਬਿਲਟੀ ਮਿਆਰਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

ਬੇਨਤੀ ਕਰਨ 'ਤੇ ਵੋਟਿੰਗ ਬਾਰੇ ਜਾਣਕਾਰੀ ਵਿਕਲਪਕ ਫਾਰਮੈਟਾਂ ਵਿੱਚ ਉਪਲਬਧ ਹੈ।

ਤੁਹਾਡੇ ਵੋਟਿੰਗ ਸਥਾਨ ਅਤੇ ਹੋਰ ਸੇਵਾਵਾਂ ਦੀ ਪਹੁੰਚਯੋਗਤਾ ਬਾਰੇ ਹੋਰ ਜਾਣਕਾਰੀ ਲਈ, elections.on.ca/accessible-voting 'ਤੇ ਜਾਓ।

## ਕੋਵਿਡ-19

ਵੋਟਰਾਂ ਅਤੇ ਸਾਡੇ ਸਟਾਫ ਲਈ ਵੋਟਿੰਗ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਸਿਹਤ ਦੇ ਮੁੱਖ ਮੈਡੀਕਲ ਅਫਸਰ ਦੇ ਦਫਤਰ ਨਾਲ ਕੰਮ ਕਰ ਰਹੇ ਹਾਂ। ਸੂਬਾਈ ਕੋਵਿਡ-19 ਉਪਾਵਾਂ ਤੋਂ ਇਲਾਵਾ, ਪਬਲਿਕ ਹੈਲਥ ਯੂਨਿਟ ਅਤੇ ਨਗਰ ਪਾਲਿਕਾਵਾਂ ਆਪਣੇ ਖੇਤਰ ਲਈ ਹੋਰ ਕੋਵਿਡ-19 ਸਿਹਤ ਉਪਾਅ ਤੈਅ ਕਰ ਸਕਦੀਆਂ ਹਨ।

ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ, ਤਾਂ ਤੁਸੀਂ ਦੇਖੋਗੇ ਕਿ ਅਸੀਂ ਉਸ ਸਮੇਂ ਦੀ ਸਭ ਤੋਂ ਵਧੀਆ ਜਾਣਕਾਰੀ ਦੇ ਆਧਾਰ 'ਤੇ ਉਪਾਅ ਸਥਾਪਿਤ ਕੀਤੇ ਹਨ-ਇਸ ਵਿੱਚ ਮਾਸਕ, ਸਰੀਰਕ ਦੂਰੀ, ਹੈਂਡ ਸੈਨੀਟਾਈਜ਼ਰ, ਅਤੇ ਪਲੇਕਸੀਗਲਾਸ ਬੈਰੀਅਰ ਸ਼ਾਮਲ ਹੋ ਸਕਦੇ ਹਨ।

## ਸਾਡੇ ਨਾਲ ਸੰਪਰਕ ਕਰੋ

- ਵੈੱਬਸਾਈਟ: elections.on.ca
- ਫੋਨ: 1.888.668.8683
- ਟੀਟੀਵਾਏ: 1.888.292.2312
- ਈਮੇਲ: info@elections.on.ca
- ਟਵਿਟਰ: @ElectionsON
- ਫੇਸਬੁੱਕ: ElectionsON
- ਇੰਸਟਾਗ੍ਰਾਮ: @electionson